# ਐਸ ਐਮ ਯੂ ਆਰ ਐਫ (SMURF) ਭਾਗੀਦਾਰੀ ਪ੍ਰਾਜੈਕਟ

ਸ਼ਹਿਰੀ ਦਰਿਆਵਾਂ ਅਤੇ ਹੜ੍ਹਾਂ ਦੀ ਸੰਭਾਵਨਾ ਵਾਲੇ ਮੈਦਾਨਾਂ ਦੇ
ਜਾਰੀ-ਰਹਿਣਯੋਗ ਪ੍ਰਬੰਧਨ ਨੂੰ ਅਮਲੀ ਰੂਪ ਦੇਣ

# ਸ਼ਹਿਰੀ ਦਰਿਆਵਾਂ ਦਾ ਜਾਰੀ-ਰਹਿਣਯੋਗ ਪ੍ਰਬੰਧਨ

## ਐਸ ਐਮ ਯੂ ਆਰ ਐਫ ਪ੍ਰਾਜੈਕਟ ਵਰਕਸ਼ਾਪ

### 8 ਅਤੇ 9 ਮਾਰਚ 2004, ਬਰਮਿੰਘਮ, ਯੂ.ਕੇ

ਕੀ ਤੁਹਾਡੀ ਸ਼ਹਿਰੀ ਦਰਿਆਵਾਂ ਦੇ ਪ੍ਰਬੰਧਨ ਵਿੱਚ ਦਿਲਚਸਪੀ ਹੈ? ਕੀ ਤੁਸੀਂ ਸ਼ਹਿਰੀ ਦਰਿਆ ਜਲਾਗਮਾਂ ਦੀ ਵਿਓਂਤਬੰਦੀ ਅਤੇ ਵਿਕਾਸ ਲਈ ਜਾਂ ਜਲ ਸੰਬੰਧੀ ਕਾਰਜ-ਢਾਂਚੇ ਦੇ ਨਿਰਦੇਸ਼ 'ਤੇ ਅਮਲ ਲਈ ਜ਼ਿਮੇਵਾਰ ਹੋ? ਜੇ ਅਜਿਹਾ ਹੈ, ਤਾਂ ਇਹ ਵਰਕਸ਼ਾਪ ਤੁਹਾਡੇ ਲਈ ਦਿਲਚਸਪੀ ਦਾ ਵਿਸ਼ਾ ਹੋ ਸਕਦੀ ਹੈ।

ਸ਼ਹਿਰੀ ਦਰਿਆਵਾਂ ਅਤੇ ਹੜ੍ਹਾਂ ਦੀ ਸੰਭਾਵਨਾ ਵਾਲੇ ਮੈਦਾਨਾਂ ਦੇ ਜਾਰੀ-ਰਹਿਣਯੋਗ ਪ੍ਰਬੰਧਨ ਬਾਰੇ ਪ੍ਰਾਜੈਕਟ (ਐਸ ਐਮ ਯੂ ਆਰ ਐਫ) ਇਕ ਪਰਿਆਵਰਣ ਏਜੰਸੀ ਦੀ ਅਗਵਾਈ ਹੇਠ ਭਾਗੀਦਾਰੀ ਹੈ, ਜੋ ਇਸ ਬਾਰੇ ਜਾਂਚ ਕਰਦੀ ਹੈ ਕਿ ਨਦੀ-ਖੇਤਰ ਵਿਓਂਤਬੰਦੀ ਦੇ ਅਸੂਲਾਂ ਨੂੰ, ਜਿਹੜੇ ਕਿ ਜਲ ਕਾਰਜ ਢਾਂਚੇ ਦੇ ਨਿਰਦੇਸ਼ ਵਿੱਚ ਅੰਕਿਤ ਹਨ, ਬਹੁਤ ਬਦਲੇ ਗਏ ਅਤੇ ਖ਼ਰਾਬ ਹੋ ਚੁਕੇ ਜਲਾਗਮਾਂ 'ਤੇ ਕਿਵੇਂ ਲਾਗੂ ਕੀਤੇ ਜਾ ਸਕਦੇ ਹਨ। ਇਸ ਐਲ ਆਈ ਐਫ ਈ (LIFE) ਪ੍ਰਾਜੈਕਟ ਦਾ ਉਦੇਸ਼ ਇਹ ਦਰਸਾਉਣਾ ਹੈ ਕਿ ਵਖ ਵਖ ਉਪਕਰਣਾਂ ਅਤੇ ਤਕਨੀਕਾਂ ਦੀ ਸੰਗਠਤ ਵਰਤੋਂ ਨਾਲ ਜਲ ਪ੍ਰਬੰਧਨ ਦੀਆਂ ਸਮੱਸਿਆਵਾਂ ਨੂੰ ਕਾਫ਼ੀ ਸਮੇਂ ਲਈ ਹਲ ਕੀਤਾ ਜਾ ਸਕਦਾ ਹੈ, ਜੋ ਯੋਰਪ ਭਰ ਵਿੱਚ ਕਈ ਸਨਅਤੀ ਸ਼ਹਿਰਾਂ ਅਤੇ ਨਗਰਾਂ ਨੂੰ ਪੇਸ਼ ਆਉਂਦੀਆਂ ਹਨ।

ਇਹ ਡੇਢ ਦਿਨ ਦੀ ਵਰਕਸ਼ਾਪ ਪ੍ਰਾਜੈਕਟ ਦੇ ਮੁਖ ਹਿਸਿਆਂ ਵਿਚੋਂ ਇਨ੍ਹਾਂ ਤਿੰਨ ਬਾਰੇ ਰਿਪੋਰਟ ਪੇਸ਼ ਕਰੇਗੀ:

- ਜੀ ਆਈ ਐਸ ਆਧਾਰਤ ਜਲਾਗਮ ਵਿਓਂਤਬੰਦੀ ਪ੍ਰਣਾਲੀ
- ਸ਼ਹਿਰੀ ਦਰਿਆਵਾਂ ਦੇ ਜਾਰੀ ਰਹਿਣਯੋਗ ਇੰਡੀਕੇਟਰਾਂ ਦਾ ਇਕ ਤਬਾਦਲੇਯੋਗ ਸੈੱਟ
- ਸ਼ਹਿਰੀ ਦਰਿਆਵਾਂ ਦੇ ਪ੍ਰਬੰਧਨ ਅਤੇ ਵਿਓਂਤਬੰਦੀ ਵਿੱਚ ਨਾਗਰਿਕਾਂ ਅਤੇ ਸਟੇਕਹੋਲਡਰਾਂ ਦੀ ਸ਼ਮੂਲੀਅਤ।

ਵਰਕਸ਼ਾਪ ਵਿੱਚ ਸ਼ਾਮਲ ਹੋਣਗੇ ਟੇਮ ਜਲਾਗਮ ਵਿੱਚ ਦਰਿਆਵਾਂ ਦੇ ਸਥਾਨਾਂ ਦੇ ਦੌਰੇ, ਪ੍ਰਾਜੈਕਟਾਂ ਬਾਰੇ ਕਈ ਪ੍ਰਸਤੁਤੀਕਰਣ, ਵਿਸਥਾਰ ਨਾਲ ਸੋਚ-ਵਿਚਾਰ ਅਤੇ ਚਰਚਾ ਲਈ ਅਨੇਕ ਅਵਸਰ ਅਤੇ ਜੀ ਆਈ ਐਸ ਵਿਓਂਤਬੰਦੀ ਪ੍ਰਣਾਲੀ ਦੀ ਵਰਤੋਂ ਸੰਬੰਧੀ ਪ੍ਰਦਰਸ਼ਨ। ਡੈਲੀਗੇਟਾਂ ਵਲੋਂ ਵਰਕਸ਼ਾਪ ਵਿੱਚ ਪੋਸਟਰ ਪੇਸ਼ ਕਰਨ ਲਈ ਵੀ ਇਕ ਸੈਸ਼ਨ ਹੋਵੇਗਾ।

ਵਰਕਸ਼ਾਪ ਯੂ.ਕੇ ਵਿੱਚ ਬਰਮਿੰਘਮ ਵਿਖੇ ਹੋਵੇਗੀ। ਵਰਕਸ਼ਾਪ ਵਿੱਚ ਸ਼ਾਮਲ ਹੋਣ 'ਤੇ ਕੋਈ ਚਾਰਜ ਨਹੀਂ ਹੋਵੇਗਾ। ਪਰ ਡੈਲੀਗੇਟਾਂ ਨੂੰ ਸਫ਼ਰ ਅਤੇ ਰਹਿਣ ਦਾ ਪ੍ਰਬੰਧ ਆਪ ਕਰਨਾ ਹੋਵੇਗਾ। ਪਰ ਜੇ ਡੈਲੀਗੇਟਾਂ ਨੂੰ ਵਰਕਸ਼ਾਪ ਵਾਲੀ ਥਾਂ ਤਕ ਦੇ ਸਫ਼ਰ ਵਿੱਚ ਮੁਸ਼ਕਲ ਪੇਸ਼ ਆਏ, ਤਾਂ ਪ੍ਰਾਜੈਕਟ ਵਲੋਂ ਸਫ਼ਰ ਦੇ ਖ਼ਰਚੇ ਲਈ ਰਕਮ ਦਿਤੀ ਜਾ ਸਕਦੀ ਹੈ।

ਵਰਕਸ਼ਾਪ ਵਿੱਚ ਦਿਲਚਸਪੀ ਹੋਣ ਦੀ ਸੂਚਨਾ ਦੇਣ ਅਤੇ ਵਰਕਸ਼ਾਪ ਜਾਂ ਐਸ ਐਮ ਯੂ ਆਰ ਐਫ ਪ੍ਰਾਜੈਕਟ ਸੰਬੰਧੀ ਹੋਰ ਵੇਰਵਿਆਂ ਲਈ ਕਿਰਪਾ ਕਰਕੇ ਨਿਮਨਲਿਖਿਤ ਨਾਲ ਸੰਪਰਕ ਕਰੋ:


ਮਾਰਕ ਸਕਾੱਟ, ਪ੍ਰਾਜੈਕਟ ਮੈਨੇਜਰ (ਐਸ ਐਮ ਯੂ ਆਰ ਐਫ)
Environment Agency, Riversmeet House, Northway Lane, Newtown Industrial Estate, Tewkesbury, Glos., GL20 8JG.
ਫ਼ੋਨ: +44 (0)1684 850951; ਫ਼ੈਕਸ: +44 (0)1684 293599
ਈ-ਮੇਲ: mark.scott@environment-agency.gov.uk


ਪ੍ਰਾਜੈਕਟ ਬਾਰੇ ਹੋਰ ਵੇਰਵੇ www.smurf-project.info 'ਤੇ ਵੇਖੇ ਜਾ ਸਕਦੇ ਹਨ।